# ਕਿੱਤਾਮੁਖੀ ਬੋਲਾਪਣ ਮੁਆਵਜ਼ਾ ਸਕੀਮ



ਕਿੱਤਾਮੁਖੀ ਬੋਲਾਪਣ ਮੁਆਵਜ਼ਾ ਸਕੀਮ ਦਾ ਗਠਨ ਕਿੱਤਾਮੁਖੀ ਬੋਲੇਪਣ (ਮੁਆਵਜ਼ਾ) ਓਰਡੀਨੈਂਸ ਦੇ ਤਹਿਤ ਕੀਤਾ ਗਿਆ ਹੈ ਤਾਂ ਜੋ ਕਿ ਰੁਜ਼ਗਾਰ ਦੇ ਕਾਰਨ ਸ਼ੋਰ-ਪ੍ਰੇਰਿਤ ਬੋਲ਼ੇਪਣ ਤੋਂ ਪੀੜ੍ਹਤ ਵਿਅਕਤੀਆਂ ਨੂੰ ਮੁਆਵਜ਼ਾ ਦਿੱਤਾ ਜਾ ਸਕੇ।

## ਕਿੱਤਾਮੁਖੀ ਬੋਲੇਪਣ ਮੁਆਵਜ਼ੇ ਲਈ ਅਰਜ਼ੀ

### *ਪਾਤਰਤਾ ਲਈ ਮਾਪਦੰਡ*

◎ **ਮੁਆਵਜ਼ੇ ਲਈ ਯੋਗਤਾ ਸ਼ਰਤਾਂ ਕਿਹੜੀਆਂ-ਕਿਹੜੀਆਂ ਹਨ?**

ਕੋਈ ਵੀ ਵਿਅਕਤੀ ਜੋ ਹਾਂਗਕਾਂਗ ਵਿਚ ਸ਼ੋਰ-ਸ਼ਰਾਬੇ ਵਾਲੇ ਕਿੱਤਿਆਂ ਵਿਚ ਨੌਕਰੀ ਕਰਦਾ ਹੈ, ਉਹ ਇਸ ਲਈ ਮੁਆਵਜ਼ੇ ਦੀ ਅਰਜ਼ੀ ਦੇ ਸਕਦਾ ਹੈ ਜੇ ਉਸ ਨੂੰ ਰੁਜ਼ਗਾਰ ਦੇ ਕਾਰਨ ਅਚਾਨਕ ਸੁਣਨ ਦੇ ਵਿਚ ਔਖਿਆਈ ਮਹਿਸੂਸ ਕੀਤੀ ਗਈ ਹੋਵੇ। ਕਿੱਤਾਮੁਖੀ ਬੋਲਾਪਣ ਇੱਕ ਕਿੱਤਾਮੁੱਖੀ ਬਿਮਾਰੀ ਹੈ ਅਤੇ ਇੱਕ ਵਿਅਕਤੀ ਨੂੰ ਮੁਆਵਜ਼ੇ ਲਈ ਹੱਕਦਾਰ ਬਣਨ ਤੋਂ ਪਹਿਲਾਂ ਹੇਠ ਲਿਖੀਆਂ ਕਿੱਤਾਮੁਖੀ ਅਤੇ ਸੁਣਨ ਸਬੰਧੀ ਦੋਵੇਂ ਤਰਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ.

ਕੋਈ ਵੀ ਵਿਅਕਤੀ ਜਿਸ ਨੂੰ ਕਿ ਕਿੱਤਾਮੁਖੀ ਬੋਲੇਪਣ ਲਈ ਮੁਆਵਜ਼ਾ ਦਿੱਤਾ ਜਾਂਦਾ ਹੈ, ਉਹ ਅੱਗ ਦੇ ਮੁਆਵਜ਼ੇ ਲਈ ਵੀ ਅਰਜ਼ੀ ਦੇ ਸਕਦਾ ਹੈ ਜੇਕਰ ਉਸ ਨੇ ਇੱਕ ਨਿਸ਼ਚਿਤ ਪੀਰੀਅਡ ਲਈ ਨਿਰਧਾਰਤ ਸ਼ੋਰ-ਸ਼ਰਾਬੇ ਵਿੱਚ ਕੰਮ ਕਰਨਾ ਜਾਰੀ ਰੱਖਿਆ ਹੈ ਜਿਸ ਕਾਰਨ ਉਸ ਨੂੰ ਸਥਾਈ ਅਯੋਗਤਾ ਦੀ ਵਾਧੂ ਫੀਸਦੀ ਦੇ ਅਨੁਸਾਰ ਸੁਣਨ ਦੇ ਵਧੇਰੇ ਨੁਕਸਾਨ ਦਾ ਸਾਹਮਣਾ ਕਰਨਾ ਪਿਆ ਹੈ।

**ਏ. ਪਹਿਲੀ ਵਾਰ ਲਈ ਮੁਆਵਜ਼ਾ**

1. *ਕਿੱਤਾਮੁਖੀ ਲੋੜਾਂ:*

ਏ) ਹਾਂਗਕਾਂਗ ਵਿਚ ਕਿਸੇ ਸ਼ੋਰ-ਸ਼ਰਾਬੇ ਵਾਲੇ ਕਿੱਤੇ ਵਿਚ ਘੱਟ ਤੋਂ ਘੱਟ 10 ਸਾਲ ਕੰਮ ਕਰਨਾ ਜਾਂ ਫਿਰ ਘੱਟ ਤੋਂ ਘੱਟ 5 ਸਾਲਾਂ ਤੱਕ 4 ਅਜਿਹੇ ਕਿੱਤਿਆਂ ਵਿਚ ਕੰਮ ਕਰਨਾ ਜੋ ਕਿ ਵਿਸ਼ੇਸ਼ ਤੌਰ 'ਤੇ ਸ਼ੋਰ-ਸ਼ਰਾਬੇ ਵਾਲੇ ਸਨ।

ਬੀ) ਮੁਆਵਜ਼ੇ ਲਈ ਬੇਨਤੀ ਕਰਨ ਤੋਂ ਪਹਿਲਾਂ 12 ਮਹੀਨਿਆਂ ਦੇ ਅੰਦਰ ਹਾਂਗਕਾਂਗ ਵਿੱਚ ਇੱਕ ਨਿਸ਼ਚਤ ਸ਼ੋਰ ਸ਼ਰਾਬੇ ਦੇ ਕਿੱਤੇ ਵਿੱਚ ਨਿਰੰਤਰ ਕਰਾਰ ਦੇ ਤਹਿਤ ਨੌਕਰੀ ਕਰਨਾ। (ਨਿਰੰਤਰ ਕਰਾਰ ਦਾ ਅਰਥ ਹੈ ਕਿ ਰੁਜ਼ਗਾਰ ਦਾ ਉਹ ਕਰਾਰ ਜਿੱਥੇ ਕਰਮਚਾਰੀ ਨੇ ਇਕ ਹੀ ਨੌਕਰੀਦਾਤਾ ਲਈ 4 ਹਫ਼ਤਿਆਂ ਜਾਂ ਇਸ ਤੋਂ ਵੱਧ ਸਮੇਂ ਲਈ ਕੰਮ ਕੀਤਾ ਹੈ, ਅਤੇ ਇੱਕ ਦਿੱਤੀ ਹੋਈ ਤਾਰੀਕ ਤੋਂ ਪਹਿਲਾਂ, ਹਰੇਕ 4 ਹਫ਼ਤਿਆਂ ਵਿੱਚ ਘੱਟੋ ਘੱਟ 18 ਘੰਟਿਆਂ ਲਈ ਕਾਰਜ ਕੀਤਾ ਹੈ।)

2. *ਸੁਣਨ ਦੀ ਹਾਨੀ ਸਬੰਧੀ ਲੋੜਾਂ:*

ਏ) ਦੋਨਾਂ ਕੰਨਾਂ ਵਿਚ ਸੁਣਨ ਦੀ ਹਾਨੀ: ਸੈਂਸਰੀਨਿਊਰਲ ਹੀਅਰਿੰਗ ਨੁਕਸਾਨ ਹਰੇਕ ਕੰਨ ਵਿਚ 40 ਡੀਬੀ ਤੋਂ ਘੱਟ ਨਹੀਂ ਜਿੱਥੇ ਘੱਟੋ-ਘੱਟ ਇਕ ਕੰਨ ਦਾ ਨੁਕਸਾਨ ਸ਼ੋਰ-ਸ਼ਰਾਬੇ ਦੇ ਕਾਰਨ ਹੁੰਦਾ ਹੈ, ਜਾਂ

ਬੀ) ਇਕ ਕੰਨ ਵਿਚ ਸੁਣਨ ਦੀ ਹਾਨੀ: ਸੈਂਸਰੀਨਿਊਰਲ ਹੀਅਰਿੰਗ ਨੁਕਸਾਨ ਸਿਰਫ ਇਕ ਕੰਨ ਵਿਚ 40 ਡੀਬੀ ਤੋਂ ਘੱਟ ਨਹੀਂ ਹੁੰਦਾ ਹੈ, ਜਿੱਥੇਕਿ ਅਜਿਹਾ ਨੁਕਸਾਨ ਸ਼ੋਰ-ਸ਼ਰਾਬੇ ਦੇ ਕਾਰਨ ਹੋਇਆ ਹੈ।

ਉੱਪਰ ਉਲੇਖ ਕੀਤੇ ਗਏ ਸੈਂਸਰੀਨਿਊਰਲ ਹੀਅਰਿੰਗ ਨੁਕਸਾਨ 1.2 ਅਤੇ 3 ਕੀਐਚਜ਼ੈਡ ਬਾਰੰਬਾਰਤਾਵਾਂ 'ਤੇ ਆਡੀਓਮੈਟ੍ਰੀ ਦੇ ਰਾਹੀਂ ਮਾਪੇ ਗੇ ਸੁਣਨ ਦੇ ਨੁਸਕਾਨ ਦੀ ਔਸਤ ਤੋਂ ਹਾਸਲ ਹੁੰਦੇ ਹਨ।

**ਬੀ. ਅੱਗੇ ਲਈ ਮੁਆਵਜ਼ਾ**

1. *ਕਿੱਤਾਮੁਖੀ ਲੋੜਾ:*

ਏ) ਪੀੜਤ ਵਿਅਕਤੀ ਦੀ ਆਖਰੀ ਅਰਜ਼ੀ ਦੇ ਅਰਜ਼ੀ ਵਾਲੀ ਤਾਰੀਕ ਤੋਂ ਬਾਅਦ ਹਾਂਗਕਾਂਗ ਵਿਚ ਨਿਰਧਾਰਤ ਸ਼ੋਰ-ਸ਼ਰਾਬਿਆਂ ਵਾਲੇ ਕਿੱਤੇ ਵਿਚ ਕੁੱਲ ਮਿਲਾ ਕੇ ਘੱਟੋ-ਘੱਟ 3 ਸਾਲਾਂ ਲਈ ਕੰਮ ਕਰਨਾ, ਜਿਸ ਦੇ ਲਈ ਕਿ ਮੁਆਵਜ਼ਾ ਮਨਜ਼ੂਰ ਕੀਤਾ ਗਿਆ ਹੈ; ਅਤੇ

ਬੀ) ਹੋਰ ਮੁਆਵਾਜ਼ੇ ਲਈ ਬੇਨਤੀ ਕਰਨ ਤੋਂ ਪਹਿਲਾਂ 12 ਮਹੀਨਿਆਂ ਦੇ ਅੰਦਰ-ਅੰਦਰ ਹਾਂਗਕਾਂਗ ਵਿਚ ਇਕ ਨਿਸ਼ਚਿਤ ਸ਼ੋਰ-ਸ਼ਰਾਬੇ ਵਾਲੇ ਕਿੱਤੇ ਵਿਚ ਇਕ ਨਿਰੰਤਰ ਕਰਾਰ ਦੇ ਅਧੀਨ ਕੰਮ ਕਰਨਾ।

2. *ਵਾਧੂ ਸਥਾਈ ਅਯੋਗਤਾ ਲੋੜਾਂ ਨਾਲ ਸੁਣਨ ਦੀ ਹਾਨੀ*

ਏ) ਦੋਨਾਂ ਕੰਨਾਂ ਜਾਂ ਇਕ ਕੰਨ ਦੇ ਸੁਣਨ ਦੀ ਹਾਨੀ; ਅਤੇ

ਬੀ) ਸਥਾਈ ਅਯੋਗਤਾ ਦੀ ਫੀਸਦੀ ਤਾਜ਼ਾ ਅਰਜ਼ੀ ਨਾਲੋਂ ਵੱਧ ਹੈ ਜਿਸ ਲਈ ਕਿ ਮੁਆਵਜ਼ੇ ਨੂੰ ਪ੍ਰਵਾਨਗੀ ਦਿੱਤੀ ਗਈ ਹੈ।

◎ **ਕੀ ਅਰਜ਼ੀ ਦਾਖਲ ਕਰਨ ਦੀ ਕੋਈ ਆਖਰੀ ਤਾਰੀਖ ਹੈ?**

ਕੋਈ ਵੀ ਵਿਅਕਤੀ ਜੋ ਅਜੇ ਵੀ ਕਿਸੇ ਨਿਸ਼ਚਿਤ ਸ਼ੋਰ-ਸ਼ਰਾਬੇ ਵਾਲ ਕਿੱਤੇ ਵਿਚ ਕੰਮ ਕਰ ਰਿਹਾ ਹੈ ਅਤੇ ਉਪਰੋਕਤ ਸ਼ਰਤਾਂ ਨੂੰ ਪੂਰਾ ਕਰਦਾ ਹੈ, ਉਹ ਕਿਸੇ ਵੀ ਸਮੇਂ ਮੁਆਵਜ਼ੇ ਲਈ ਅਰਜ਼ੀ ਦੇ ਸਕਦਾ ਹੈ।

ਕੋਈ ਵੀ ਅਜਿਹਾ ਵਿਅਕਤੀ ਜੋ ਹੁਣ ਨਿਸ਼ਚਿਤ ਸ਼ੋਰ-ਸ਼ਰਾਬੇ ਵਾਲੇ ਕਿੱਤਿਆਂ ਵਿੱਚ ਨੌਕਰੀ ਨਹੀਂ ਕਰ ਰਿਹਾ ਹੈ, ਨੂੰ ਅਜਿਹੇ ਕਿੱਤਿਆਂ ਵਿੱਚ ਆਖਰੀ ਵਾਰ ਨੌਕਰੀ ਕਰਨ ਤੋਂ 12 ਮਹੀਨਿਆਂ ਦੇ ਅੰਦਰ-ਅੰਦਰ ਅਰਜ਼ੀ ਦੇਣੀ ਚਾਹੀਦੀ ਹੈ।

◎ **ਨਿਰਧਾਰਤ ਸ਼ੋਰ-ਸ਼ਰਾਬੇ ਵਾਲੇ ਕਿੱਤੇ ਕਿਹੜੇ ਹਨ?**

ਇੱਥੇ ਕੁੱਲ 29 ਕਿਸਮ ਦੇ ਨਿਰਧਾਰਤ ਸ਼ੋਰ-ਸ਼ਰਾਬੇ ਵਾਲ ਪੇਸ਼ੇ ਹਨ, ਜਿਹਨਾਂ ਵਿਚ ਹੇਠਾਂ ਦਿੱਤੇ ਹੋਏ ਕਿੱਤੇ ਸ਼ਾਮਲ ਹਨ

1. ਬਿਜਲੀ ਨਾਲ ਚੱਲਣ ਵਾਲੇ ਉਪਕਰਨਾਂ ਦਾ ਧਾਤ ਜਾਂ ਧਾਤ ਜਾਂ ਬਲੂਮ ਦੇ ਬਿਲੇਟਸ 'ਤੇ ਉਪਯੋਗ ਕਰਨਾ, ਜਾਂ ਫਿਰ ਪੂਰਨ ਜਾਂ ਮੁੱਖ ਤੌਰ 'ਤੇ ਅਜਿਹੇ ਉਪਕਰਨਾਂ ਦੇ ਆਸ-ਪਾਸ ਕੰਮ ਕਰਨਾ ਜਦੋਂ ਇਹਨਾਂ ਉਪਕਰਨਾਂ ਦਾ ਉਪਯੋਗ ਕੀਤਾ ਜਾ ਰਿਹਾ ਹੋਵੇ।

2. ਬਿਜਲੀ ਨਾਲ ਚੱਲਣ ਵਾਲੇ ਅਤੇ ਟਕਰਾਉਣ ਵਾਲੇ ਉਪਕਰਨਾਂ ਦਾ ਧਾਤ ਜਾਂ ਧਾਤ ਬਲੂਮ ਦੇ ਬਿਲੇਟਸ 'ਤੇ ਉਪਯੋਗ ਕਰਨਾ, ਜਾਂ ਫਿਰ ਪੂਰਨ ਜਾਂ ਮੁੱਖ ਤੌਰ 'ਤੇ ਅਜਿਹੇ ਉਪਕਰਨਾਂ ਦੇ ਆਸ-ਪਾਸ ਕੰਮ ਕਰਨਾ ਜਦੋਂ ਇਹਨਾਂ ਉਪਕਰਨਾਂ ਦਾ ਉਪਯੋਗ ਕੀਤਾ ਜਾ ਰਿਹਾ ਹੋਵੇ।

3*. ਬਿਜਲੀ ਨਾਲ ਚੱਣ ਵਾਲੇ ਗਰਿੰਡਿੰਗ, ਚੀਸੈਲਿੰਗ, ਕਟਿੰਗ ਜਾਂ ਟਕਰਾਉਣ ਵਾਲੇ ਉਪਕਰਨਾਂ ਚੱਟਾਨਾਂ, ਕੰਕਰੀਟ ਜਾਂ ਮਾਰਬਲ 'ਤੇ ਉਪਯੋਗ ਕਰਨਾ, ਜਾਂ ਫਿਰ ਪੂਰਨ ਜਾਂ ਮੁੱਖ ਤੌਰ 'ਤੇ ਅਜਿਹੇ ਉਪਕਰਨਾਂ ਦੇ ਆਸ-ਪਾਸ ਕੰਮ ਕਰਨਾ ਜਦੋਂ ਇਹਨਾਂ ਉਪਕਰਨਾਂ ਦਾ ਉਪਯੋਗ ਕੀਤਾ ਜਾ ਰਿਹਾ ਹੋਵੇ।

4. ਬੰਦ ਜਾਂ ਖੁੱਲੀਆਂ ਡਾਈਆਂ ਜਾਂ ਡ੍ਰੌਪ ਹੈਮਰ ਦੇ ਜ਼ਰੀਏ ਧਾਤ ਦੀ ਫੋਰਜਿੰਗ (ਡ੍ਰੌਪ ਸਟੈਂਪਿੰਗ ਸਮੇਤ) ਵਿਚ ਲੱਗੇ ਪਲਾਂਟ (ਪਾਵਰ ਪ੍ਰੈਸ ਪਲਾਂਟ ਨੂੰ ਛੱਡ ਕੇ) ਦੇ ਆਸ-ਪਾਸ ਪੂਰਨ ਜਾਂ ਮੁੱਖ ਤੌਰ 'ਤੇ ਕਾਰਜ ਕਰਨਾ।

5. ਟੈਕਸਟਾਈਲ ਨਿਰਮਾਣ ਉਦਯੋਗ ਵਿਚ ਕਾਰਜ ਕਰਨਾ ਜਿੱਥੇ ਕਿ ਪੂਰੇ ਦਾ ਪੂਰਾ ਕੰਮ ਕਮਰਿਆਂ ਜਾਂ ਸ਼ੈੱਡਾਂ ਵਿਚ ਕੀਤਾ ਜਾਂਦਾ ਹੋਵੇ, ਜਿਸ ਵਿਚ ਕਿ ਮਸ਼ੀਨਾਂ ਮਨੁੱਖ ਦੁਆਰਾ ਬਣਾਏ ਜਾਂ ਕੁਦਰਤੀ (ਖਣਿਜ ਸਮੇਤ) ਰੇਸ਼ੇ ਬੁਣਨ ਵਿਚ ਜਾਂ ਤੇਜ਼ ਰਫਤਾਰ ਨਾਲ ਰੇਸ਼ਿਆਂ ਦੀ ਫਾਲਸ ਟਵਿਸਟਿੰਗ ਵਿਚ ਲੱਗੀਆਂ ਹੋਣ।

6. ਕਟਿੰਗ, ਸ਼ੇਪਿੰਗ ਜਾਂ ਮੈਟਲ ਨੇਲਸ ਜਾਂ ਪੇਚਾਂ ਨੂੰ ਸਾਫ਼ ਕਰਨ ਵਿਚ ਲੱਗੀਆਂ ਮਸ਼ੀਨਾਂ ਦੀ ਵਰਤੋਂ ਕਰਨਾ ਜਾਂ ਫਿਰ ਉਹਨਾਂ ਮਸ਼ੀਨਾਂ ਦੇ ਆਸ-ਪਾਸ ਪੂਰੀ ਤਰਾਂ ਜਾਂ ਮੁੱਖ ਰੂਪ ਵਿਚ ਕਾਰਜ ਕਰਨਾ ਜਦੋਂ ਇਹਨਾਂ ਮਸ਼ੀਨਾਂ ਦਾ ਉਪਯੋਗ ਹੋ ਰਿਹਾ ਹੋਵੇ।

7. ਧਾਤੂ ਦੇ ਜਮਾਅ ਵਿਚ ਲੱਗੀਆਂ ਪਲਾਜ਼ਮਾ ਸਪਰੇਅ ਗੰਨਜ਼ ਦੀ ਵਰਤੋਂ ਕਰਨੀ ਜਾਂ ਇਸ ਦੇ ਆਸ-ਪਾਸ ਕਾਰਜ ਕਰਨਾ ਜਦੋਂਕਿ ਕਿ ਇਹਨਾਂ ਦਾ ਪੂਰਨ ਜਾਂ ਮੁੱਖ ਤੌਰ 'ਤੇ ਉਪਯੋਗ ਹੋ ਰਿਹਾ ਹੋਵੇ।

8. ਹੇਠਾਂ ਦਿੱਤੀਆਂ ਗਈਆਂ ਮਸ਼ੀਨਾਂ ਦਾ ਉਪਯੋਗ ਕਰਨਾ ਜਾਂ ਫਿਰ ਇਹਨਾਂ ਦੇ ਆਸ-ਪਾਸ ਪੂਰਨ ਜਾਂ ਮੁੱਖ ਤੌਰ 'ਕੇ ਕੰਮ ਕਰਨਾ: ਮਲਟੀ-ਕਟਰ ਮੋਲਡਿੰਗ ਮਸ਼ੀਨਾਂ, ਪਲੇਨਿੰਗ ਮਸ਼ੀਨਾਂ, ਸਵੈਚਾਲਿਤ ਜਾਂ ਅਰਧ-ਸਵੈਚਾਲਿਤ ਲੈਥਸ, ਬਹੁ-ਮੁਖੀ ਕਰੋਸ-ਕੱਟ ਮਸ਼ੀਨਾਂ, ਸਵੈਚਾਲਿਤ ਸ਼ੇਪਿੰਗ ਮਸ਼ੀਨਾਂ, ਡਬਲ-ਐਂਡ ਟੈਨੋਨਿੰਗ ਮਸ਼ੀਨਾਂ, ਲੰਬਕਾਰੀ ਸਪਿੰਡਲ ਮੋਲਡਿੰਗ ਮਸ਼ੀਨਾਂ ( ਹਾਈ ਸਪੀਡ ਰੂਟਿੰਗ ਮਸ਼ੀਨਾਂ ਵੀ ਸ਼ਾਮਲ ਹਨ), ਐਜ ਬੈਂਡਿੰਗ ਮਸ਼ੀਨਾਂ, ਬਲੇਡ ਵਾਲੀਆਂ ਬੈਂਡਸਾਵਿੰਗ ਮਸ਼ੀਨਾਂ ਜਿਹਨਾਂ ਵਿਚ ਬਲੇਡ ਦੀ ਚੌੜਾਈ 75 ਮਿਲੀਮੀਟਰ ਤੋਂ ਘੱਟ ਨਹੀਂ ਹੁੰਦੀ ਅਤੇ ਚੱਕਰਾਕਾਰ ਸੋਇੰਗ ਮਸ਼ੀਨਾਂ।

9. ਚੇਨ ਸਾਅ ਦਾ ਉਪਯੋਗ।

10*. ਨਿਰਮਾਣ ਸਥਲਾਂ 'ਤੇ ਚੱਲਣ ਵਾਲ ਪਰਕ ਜਾਂ ਧਾਤੂ ਦੇ ਤਖਤ ਵਿਚ ਲੱਗੀਆਂ ਹੋਈਆਂ ਮਸ਼ੀਨਾਂ ਦਾ ਇਸਤੇਮਾਲ ਕਰਨਾ ਜਾਂ ਫਿਰ ਇਹਨਾਂ ਦੇ ਆਸ-ਪਾਸ ਪੂਰਨ ਜਾਂ ਮੁੱਖ ਰੂਪ ਵਿਚ ਕਾਰਜ ਕਰਨਾ।

11*. ਘਰਸ਼ਨ ਨਸ਼ਟ ਸੰਚਾਲਨ ਦੇ ਆਸ-ਪਾਸ ਪੂਰਨ ਜਾਂ ਮੁੱਖ ਰੂਪ ਵਿਚ ਕਾਰਜ ਕਰਨਾ।

12. ਕੱਚ ਨੂੰ ਪੀਸਣ ਵਿਚ ਲੱਗੀਆਂ ਹੋਈਆਂ ਮਸ਼ੀਨਾਂ ਦਾ ਇਸਤੇਮਾਲ ਕਰਨਾ ਜਾਂ ਪੂਰੀ ਤਰਾਂ ਜਾਂ ਮੁੱਖ ਰੂਪ ਵਿਚ ਇਹਨਾਂ ਦੇ ਆਲੇ-ਦੁਆਲੇ ਕਾਰਜ ਕਰਨਾ।

13. ਚੱਟਾਨਾਂ ਜਾਂ ਪੱਥਰ ਦੇ ਸਮੂਹ ਨੂੰ ਕੁਚਲਣ ਜਾਂ ਸਕ੍ਰੀਨਿੰਗ ਵਿਚ ਲੱਗੀਆਂ ਮਸ਼ੀਨਾਂ ਦੇ ਆਸ-ਪਾਸ ਪੂਰਨ ਜਾਂ ਮੁੱਖ ਰੂਪ ਵਿਚ ਕਾਰਜ ਕਰਨਾ।

14. ਪਲਾਸਟਿਕ ਦੀਆਂ ਸਾਮੱਗਰੀਆਂ ਦੇ ਦਾਣੇ ਬਨਾਉਣ ਵਿਚ ਲੱਗੀਆਂ ਮਸ਼ੀਨਾਂ ਦਾ ਉਪਯੋਗ ਕਰਨਾ ਜਾਂ ਫਿਰ ਇਹਨਾਂ ਦੇ ਆਸ-ਪਾਸ ਪੂਰਨ ਜਾਂ ਮੁੱਖ ਰੂਪ ਵਿਚ ਕਾਰਜ ਕਰਨਾ।

15. ਸਮੁੰਦਰੀ ਜਹਾਜ਼ਾਂ ਦੀ ਡੈਸਕਾਲਿੰਗ ਕਰਨ ਵਿਚ ਲੱਗੀਆਂ ਮਸ਼ੀਨਾਂ ਜਾਂ ਹੱਥ ਦੇ ਸੰਦਾਂ ਦੇ ਆਸ-ਪਾਸ ਪੂਰਨ ਜਾਂ ਮੁੱਖ ਰੂਪ ਵਿਚ ਕਾਰਜ ਕਰਨਾ ।

16. ਪੂਰਨ ਜਾਂ ਮੁੱਖ ਰੂਪ ਵਿਚ ਅੰਦਰੂਨੀ ਬਾਲਨ ਇੰਜਣਾਂ ਜਾਂ ਟਰਬਾਈਨਾਂ ਜਾਂ ਦਬਾਅ ਵਾਲੇ ਬਾਲਣ ਬਰਨਰ ਜਾਂ ਜੈੱਟ ਇੰਜਣਾਂ ਦੇ ਆਸ-ਪਾਸ ਕਾਰਜ ਕਰਨਾ।

17. ਪੂਰਨ ਜਾਂ ਮੁੱਖ ਰੂਪ ਵਿਚ ਕਾਰ ਦੀ ਬੌਡੀ ਦੀ ਮੁਰੰਮਤ ਜਾਂ ਹੱਥ ਨਾਲ ਹਥੌੜੇ ਦੀ ਸੱਟ ਮਾਰ ਕੇ ਧਾਤ ਦੀਆਂ ਵਸਤੂਆਂ ਤਿਆਰ ਕੀਤੇ ਜਾਣ ਵਾਲੇ ਕਾਰਜਾਂ ਦੇ ਆਸ-ਪਾਸ ਕੰਮ ਕਰਨਾ।

18. ਪਲਾਸਟਿਕ ਸਾਮੱਗਰੀਆਂ ਨੂੰ ਬਾਹਰ ਕੱਢੇ ਜਾਣ ਵਿਚ ਲੱਗੀਆਂ ਮਸ਼ੀਨਾਂ ਦੀ ਵਰਤੋਂ ਕਰਨਾ ਜਾਂ ਫਿਰ ਇਹਨਾਂ ਦੇ ਆਸ-ਪਾਸ ਪੂਰਨ ਜਾਂ ਮੁੱਖ ਤੌਰ 'ਤੇ ਕਾਰਜ ਕਰਨਾ।

19. ਜਦੋਂ ਕਾਗਜ਼ ਦੀਆਂ ਕੋਰੂਗੇਟਿੰਗ ਮਸ਼ੀਨਾਂ ਦੀ ਵਰਤੋਂ ਕੀਤੀ ਜਾ ਰਹੀ ਹੋਵੇ, ਤਾਂ ਉਸ ਸਮੇਂ ਇਹਨਾਂ ਮਸ਼ੀਨਾਂ ਦੇ ਆਸ-ਪੂਸ ਪੂਰੀ ਤਰ੍ਹਾਂ ਜਾਂ ਮੁੱਖ ਰੂਪ ਵਿਚ ਕਾਰਜ ਕਰਨਾ।

20. ਪੂਰੀ ਤਰ੍ਹਾਂ ਜਾਂ ਮੁੱਖ ਤੌਰ 'ਤੇ ਦਬਾਅ ਵਾਲੀ ਭਾਫ਼ ਦੀ ਵਰਤੋਂ ਕਰਦੇ ਹੋਏ ਮਸ਼ੀਨਾਂ ਨਾਲ ਜੁੜੇ ਕੱਪੜੇ ਦੀ ਬਲੀਚਿੰਗ ਅਤੇ ਰੰਗਾਈ ਵਾਲੀਆਂ ਮਸ਼ੀਨਾਂ ਦੇ ਆਸ-ਪਾਸ ਕਾਰਜ ਕਰਨਾ।

21. ਪੂਰੀ ਤਰ੍ਹਾਂ ਜਾਂ ਮੁੱਖ ਰੂਪ ਵਿਚ ਗਲਾਸ-ਬੋਟਲਿੰਗ ਲਾਈਨਾਂ ਦੇ ਨੇੜੇ ਕਾਰਜ ਕਰਨਾ।

22. ਪੂਰੀ ਤਰ੍ਹਾਂ ਜਾਂ ਮੁੱਖ ਰੂਪ ਵਿਚ ਧਾਤ-ਕੈਨ ਦੀਆਂ ਬੋਟਲਿੰਗ ਲਾਈਨਾਂ ਦੇ ਨੇੜੇ-ਤੇੜੇ ਕਾਰਜ ਕਰਨਾ।

23. ਕਾਗਜ਼ ਫੋਲਡਿੰਗ ਮਸ਼ੀਨਾਂ ਦੀ ਵਰਤੋਂ ਕਰਨਾ ਜਾਂ ਫਿਰ ਪੂਰੀ ਤਰ੍ਹਾਂ ਜਾਂ ਮੁੱਖ ਤੌਰ ’ਤੇ ਉਨ੍ਹਾਂ ਮਸ਼ੀਨਾਂ ਦੇ ਆਸ-ਪਾਸ ਕੰਮ ਕਰਨਾ ਜਦੋਂਕਿ ਉਨ੍ਹਾਂ ਦੀ ਵਰਤੋਂ ਕੀਤੀ ਜਾ ਰਹੀ ਹੋਵੇ।

24. ਹਾਈ ਸਪੀਡ ਵੈਬ-ਫੀਡ ਆਫਸੈੱਟ ਪ੍ਰਿੰਟਿੰਗ ਮਸ਼ੀਨਾਂ ਦੀ ਵਰਤੋਂ ਕਰਨਾ ਜਾਂ ਫਿਰ ਪੂਰੀ ਤਰ੍ਹਾਂ ਜਾਂ ਮੁੱਖ ਤੌਰ ’ਤੇ ਉਨ੍ਹਾਂ ਮਸ਼ੀਨਾਂ ਦੇ ਨੇੜੇ-ਤੇੜੇ ਕਾਰਜ ਕਰਨਾ ਜਦੋਂਕਿ ਉਨ੍ਹਾਂ ਮਸ਼ੀਨਾਂ ਦੀ ਵਰਤੋਂ ਕੀਤੀ ਜਾ ਰਹੀ ਹੋਵੇ।

25*. ਪੂਰੀ ਤਰ੍ਹਾਂ ਜਾਂ ਮੁੱਖ ਤੌਰ ’ਤੇ ਬੰਦੂਕ-ਫਾਇਰਿੰਗ ਆਪ੍ਰੇਸ਼ਨ ਦੇ ਨੇੜੇ-ਤੇੜੇ ਕਾਰਜ ਕਰਨਾ।

26. ਪੂਰੀ ਤਰ੍ਹਾਂ ਜਾਂ ਮੁੱਖ ਰੂਪ ਵਿਚ ਉਸ ਜਗ੍ਹਾ ਦੇ ਆਸ ਪਾਸ ਕੰਮ ਕਰਨਾ ਜਿੱਥੇ ਕਿ ਸੂਰਾਂ ਨੂੰ ਮਾਰਨ ਦੇ ਉਦੇਸ਼ ਦੇ ਨਾਲ ਉਹਨਾਂ ਦੀ ਇਲੈਕਟ੍ਰਿਕ ਸਟਨਿੰਗ ਹੁੰਦੀ ਹੈ।

27. ਗੈਂਬਲਿੰਗ ਆਰਡੀਨੈਂਸ (ਕੈਪ. 148) ਦੀ ਧਾਰਾ 22 (1) (ਬੀ) ਦੇ ਅਧੀਨ ਲਾਇਸੰਸਸ਼ੁਦਾ ਇੱਕ ਮਹਾਜੌਂਗ ਪਾਰਲਰ ਦੇ ਅੰਦਰ ਮਹਾਜੌਂਗ (ਮੁੱਖ ਡਿਊਟੀ ਵਜੋਂ) ਖੇਡਣਾ।

28. ਡਿਸਕੋਥੈਕ ਦੇ ਡਾਂਸ ਕਰਨ ਵਾਲੇ ਖੇਤਰ ਦੇ ਨੇੜਲੇ ਇਲਾਕਿਆਂ ਵਿਚ ਪੀਣ ਵਾਲੇ ਪਦਾਰਥਾਂ (ਮੁੱਖ ਡਿਊਟੀ ਵਜੋਂ) ਦੀ ਤਿਆਰੀ ਜਾਂ ਉਹਨਾਂ ਨੂੰ ਪੇਸ਼ ਕਰਨਾ।

ਜਾਂ

29. ਡਿਸਕੋਥੈਕ ਵਿਚ ਰਿਕਾਰਡ ਕੀਤੇ ਸੰਗੀਤ ਨੂੰ ਵਾਪਸ ਚਲਾਉਣ ਅਤੇ ਪ੍ਰਸਾਰਣ ਲਈ ਇਕ ਪ੍ਰਣਾਲੀ ਨੂੰ ਕੰਟਰੋਲ ਕਰਨਾ ਜਾਂ ਚਲਾਉਣਾ।

* ਇਹਨਾਂ 4 ਸ਼ੋਰ-ਸ਼ਰਾਬੇ ਵਾਲੇ ਕਿੱਤਿਆਂ ਲਈ ਸਿਰਫ ਘੱਟੋ-ਘੱਟ 5 ਸਾਲਾਂ ਦੇ ਰੁਜ਼ਗਾਰ ਦੀ ਲੋੜ ਹੈ।

### ◎ ਸ਼ੋਰ-ਸ਼ਰਾਬੇ ਵਾਲੇ ਕਿੱਤਿਆਂ ਦੀਆਂ ਨਿਰਧਾਰਤ ਉਦਾਹਰਣਾਂ

- ਨਿਰਮਾਣ ਵਾਲੀਆਂ ਥਾਵਾਂ ਜਾਂ ਖਾਣਾਂ ਵਿਚ ਨਿਊਮੈਟਿਕ ਡਰਿੱਲਜ਼, ਪਾਈਲ ਡ੍ਰਾਈਵਜ਼ ਜਾਂ ਚੱਟਾਨਾਂ ਦੀ ਕਰੱਸ਼ਿੰਗ ਕਰਨ ਵਾਲੀਆਂ ਮਸ਼ੀਨਾਂ ਦਾ ਇਸਤੇਮਾਲ।
- ਕੱਪੜੇ ਦੀਆਂ ਫੈਕਟਰੀਆਂ ਵਿੱਚ ਕਤਾਈ ਜਾਂ ਬੁਣਾਈ ਵਾਲੀਆਂ ਮਸ਼ੀਨਾਂ ਦਾ ਉਪਯੋਗ।
- ਮੈਟਲ-ਵਰਕ ਫੈਕਟਰੀਆਂ ਵਿੱਚ ਪਾਵਰ ਪ੍ਰੈਸ ਜਾਂ ਲੈਥਸ ਦੀ ਵਰਤੋਂ।
- ਤਰਖਾਣੀ ਉਦਯੋਗ ਵਿਚ ਲੈਥਸ, ਪਲਾਨਿੰਗ ਮਸ਼ੀਨ, ਸਰਕੂਲਰ ਸਾਵਿੰਗ ਮਸ਼ੀਨ ਜਾਂ ਹਾਈ ਸਪੀਡ ਰੂਟਿੰਗ ਮਸ਼ੀਨ ਦਾ ਇਸਤੇਮਾਲ ਕੀਤਾ ਜਾਣਾ।
- ਪਲਾਸਟਿਕ ਫੈਕਟਰੀਆਂ ਵਿੱਚ ਪਲਾਸਟਿਕ ਦਾਣਾ ਬਣਾਉਣ ਵਾਲੀਆਂ ਮਸ਼ੀਨਾਂ ਦਾ ਉਪਯੋਗ ਕਰਨਾ।

## *ਬੇਨਤੀ ਲਈ ਪ੍ਰਕਿਰਿਆਵਾਂ*

### ◎ ਅਪਲਾਈ ਕਿਵੇਂ ਕੀਤਾ ਜਾਵੇ?

ਇੱਕ ਦਾਅਵੇਦਾਰ ਨੂੰ ਬਿਨੇ-ਪੱਤਰ ਪੂਰਾ ਕਰਨਾ ਚਾਹੀਦਾ ਹੈ ਅਤੇ ਇਸ ਨੂੰ ਕਿੱਤਾਮੁਖੀ ਬੋਲ਼ੇਪਣ ਮੁਆਵਜ਼ਾ ਬੋਰਡ ਕੋਲ ਜਮ੍ਹਾ ਕਰਾਉਣਾ ਚਾਹੀਦਾ ਹੈ।

### ◎ ਇਕ ਬਿਨੇਕਾਰ ਨੂੰ ਬੋਰਡ ਨੂੰ ਕਿਹੜੀ ਜਾਣਕਾਰੀ ਦੇਣੀ ਚਾਹੀਦੀ ਹੈ?

ਨਿੱਜੀ ਵੇਰਵਿਆਂ ਤੋਂ ਇਲਾਵਾ, ਇਕ ਬਿਨੇਕਾਰ ਨੂੰ ਹੇਠਾਂ ਦਿੱਤੇ ਅਨੁਸਾਰ ਸ਼ੋਰ-ਸ਼ਰਾਬੇ ਵਾਲੇ ਕਿੱਤਿਆਂ ਵਿੱਚ ਉਸ ਦੀਆਂ ਪਿਛਲੀਆਂ ਨੌਕਰੀਆਂ ਬਾਰੇ ਵੇਰਵੇ ਪ੍ਰਦਾਨ ਕਰਨੇ ਚਾਹੀਦੇ ਹਨ:

1. ਨੌਕਰੀਦਾਤਾ ਦਾ ਨਾਮ, ਸੰਪਰਕ, ਪਤਾ ਅਤੇ ਟੈਲੀਫੋਨ ਨੰਬਰ।

2. ਸ਼ੋਰ-ਸ਼ਰਾਬੇ ਵਾਲੇ ਸੰਦਾਂ / ਮਸ਼ੀਨਾਂ ਦੀ ਵਰਤੋਂ ਨਾਲ ਸਬੰਧਤ ਰੁਜ਼ਗਾਰ ਦੀਆਂ ਤਰੀਕਾਂ, ਅਹੁਦਾ, ਕਮਾਈ ਅਤੇ ਹੋਰ ਵੇਰਵੇ।

3. ਦੋ ਸਹਿ-ਕਰਮਚਾਰੀਆਂ ਦੇ ਸੰਪਰਕ ਪਤੇ ਅਤੇ ਟੈਲੀਫੋਨ ਨੰਬਰ ਜੋ ਸਬੰਧਿਤ ਰੁਜ਼ਗਾਰ ਵਿਚ ਬਿਨਕਾਰ ਦੀ ਸ਼ਮੂਲੀਅਤ ਹੋਣ ਬਾਰੇ ਜਾਣਦੇ ਹੋਣ।

## ◎ ਇਕ ਬਿਨੇਕਾਰ ਨੂੰ ਆਪਣੇ ਸਹਿ-ਕਰਮਚਾਰੀਆਂ ਬਾਰੇ ਜਾਣਕਾਰੀ ਕਿਉਂ ਦੇਣੀ ਚਾਹੀਦੀ ਹੈ?

ਬਿਨੇਕਾਰ ਦੇ ਰੁਜ਼ਗਾਰ ਦੇ ਇਤਿਹਾਸ ਦੀ ਪੁਸ਼ਟੀ ਕਰਨ ਸਮੇਂ, ਬੋਰਡ ਨੂੰ ਉਸ ਦੇ ਰੁਜ਼ਗਾਰ ਦੇ ਵੇਰਵਿਆਂ ਨੂੰ ਸਪੱਸ਼ਟ ਕਰਨ ਲਈ ਉਸ (ਇਸਤਰੀ ਜਾਂ ਪੁਰਸ਼) ਸਹਿ-ਕਰਮਚਾਰੀਆਂ ਨਾਲ ਸੰਪਰਕ ਕਰਨ ਦੀ ਜ਼ਰੂਰਤ ਹੋ ਸਕਦੀ ਹੈ।

## ◎ ਕੀ ਦਾਅਵੇਦਾਰ ਨੂੰ ਅਰਜ਼ੀ ਜਮ੍ਹਾ ਕਰਨ ਵੇਲੇ ਦਸਤਾਵੇਜ਼ੀ ਸਬੂਤ ਦੇਣ ਦੀ ਲੋੜ ਹੈ?

ਦਾਅਵੇਦਾਰ ਨੂੰ ਅਜਿਹੇ ਕੋਈ ਵੀ ਦਸਤਾਵੇਜ਼ੀ ਸਬੂਤ ਪੇਸ਼ ਕਰਨ ਦੀ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜੋ ਕਿ ਸ਼ੋਰ-ਸ਼ਰਾਬੇ ਵਾਲੇ ਕਿੱਤਿਆਂ ਵਿੱਚ ਉਸ ਦੀ ਪਿਛਲੀ ਨੌਕਰੀ ਨੂੰ ਦਰਸਾ ਸਕਣ। ਕੁਝ ਉਦਾਹਰਣਾਂ ਹਨ:

1. ਨੌਕਰੀਦਾਤਾ ਵੱਲੋਂ ਜਾਰੀ ਕੀਤੇ ਗਏ ਪੱਤਰ ਜੋ ਕਿ ਬਿਨੇਕਾਰ ਦੇ ਰੁਜ਼ਗਾਰ, ਅਹੁਦੇ ਅਤੇ ਕਮਾਈ ਬਾਰ ਦੱਸਦੇ ਹੋਣ।
2.ਰੁਜ਼ਗਾਰ ਦੇ ਕਰਾਰ।
3.ਵੱਖਰੇ ਭੁਗਤਾਨ ਜਾਂ ਸਮਾਪਤੀ ਭੁਗਤਾਨ ਦੀ ਗਣਨਾ ਬਾਰੇ ਨੋਟੀਫਿਕੇਸ਼ਨ।
4. ਨੌਕਰੀਦਾਤਾ ਵੱਲੋਂ ਭਰੀ ਗਈ ਆਮਦਨ ਕਰ ਰਿਟਰਨ।
5. ਲਾਜ਼ਮੀ ਪ੍ਰੋਵੀਡੈਂਟ ਫੰਡ ਦੇ ਯੋਗਦਾਨ ਨਾਲ ਸਬੰਧਤ ਦਸਤਾਵੇਜ਼; ਜਾਂ
6. ਤਨਖਾਹ ਪ੍ਰਾਪਤੀਆਂ, ਆਦਿ

ਇਸ ਤੋਂ ਇਲਾਵਾ, ਬਿਨੇਕਾਰ ਨੂੰ ਆਪਣੀ ਅਰਜ਼ੀ ਦੀ ਮਿਤੀ ਤੋਂ ਪਹਿਲਾਂ ਨਿਰਧਾਰਤ ਸ਼ੋਰ-ਸ਼ਰਾਬੇ ਵਾਲੇ ਕਿੱਤਿਆਂ ਵਿਚ ਉਸ ਦੀ ਪਿਛਲੇ 12 ਮਹੀਨਿਆਂ ਵਿਚ ਕੀਤੀ ਗਈ ਨੌਕਰੀ ਦੇ ਸੰਬੰਧ ਵਿਚ ਉਸ ਦੁਆਰਾ ਪ੍ਰਾਪਤ ਕੀਤੀ ਕਮਾਈ ਬਾਰੇ ਦਸਤਾਵੇਜ਼ੀ ਸਬੂਤ ਵੀ ਪੇਸ਼ ਕਰਨੇ ਚਾਹੀਦੇ ਹਨ।

## ◎ ਬੋਰਡ ਮੁਆਵਜ਼ੇ ਲਈ ਕਿਸੇ ਅਰਜ਼ੀ ’ਤੇ ਕਿਵੇਂ ਕਾਰਵਾਈ ਕਰੇਗਾ?

ਬਿਨੇ-ਪੱਤਰ ਪ੍ਰਾਪਤ ਕਰਨ ਤੋਂ ਬਾਅਦ, ਬੋਰਡ ਪਹਿਲਾਂ ਰੁਜ਼ਗਾਰ ਤਸਦੀਕ ਕਰੇਗਾ। ਬਿਨੇਕਾਰ ਦੇ ਰੁਜ਼ਗਾਰ ਦੇ ਵੇਰਵਿਆਂ ਦੀ ਪੁਸ਼ਟੀ ਕਰਨ ਲਈ ਉਸ ਦੇ ਨੌਕਰੀਦਾਤਾ ਅਤੇ ਸਹਿ-ਕਰਮਚਾਰੀਆਂ ਨਾਲ ਸੰਪਰਕ ਕੀਤਾ ਜਾਵੇਗਾ।

ਤਸਦੀਕ ਕਰਨ ਤੋਂ ਬਾਅਦ, ਬੋਰਡ ਉਸ ਬਿਨੇਕਾਰ ਨੂੰ ਸੂਚਿਤ ਕਰੇਗਾ ਜੋ ਸੁਣਨ ਸਬੰਧੀ ਮੁਲਾਂਕਣ ਵਿਚੋਂ ਗੁਜ਼ਰਨ ਲਈ ਲੋੜੀਂਦੀਆਂ ਕਿੱਤਾਮੁਖੀ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ। ਬਿਨੇਕਾਰ ਨੂੰ ਬੋਰਡ ਵੱਲੋਂ ਪ੍ਰਬੰਧਿਤ ਕੀਤੇ ਗਏ ਸੁਣਨ ਸਬੰਧੀ ਟੈਸਟਾਂ ਅਤੇ ਡਾਕਟਰੀ ਜਾਂਚਾਂ ਵਿਚ ਸ਼ਾਮਲ ਹੋਣਾ ਚਾਹੀਦਾ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਉਹ ਸੁਣਨ ਦੀ ਹਾਨੀ ਹੋਣ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ ਜਾਂ ਨਹੀਂ।

ਇਹ ਪੁਸ਼ਟੀ ਕਰਨ ਤੋਂ ਬਾਅਦ ਕਿ ਬਿਨੇਕਾਰ ਮੁਆਵਜ਼ੇ ਦੀਆਂ ਜ਼ਰੂਰਤਾਂ ਨੂੰ ਪੂਰਾ ਕਰ ਚੁੱਕਾ ਹੈ, ਬੋਰਡ ਉਸ ਨੂੰ ਮੁਆਵਜ਼ੇ ਦੇ ਨਿਰਧਾਰਣ ਦਾ ਸੈਰਟੀਫਿਕੇਟ ਜਾਰੀ ਕਰੇਗਾ। ਇਸ ਸੈਰਟੀਫਿਕੇਟ ਕਿੱਤਾਮੁਖੀ ਬੋਲੇਪਣ ਦੇ ਨਤੀਜੇ ਵਜੋਂ ਸੁਣਨ ਦੀ ਸਥਾਈ ਅਯੋਗਤਾ ਦੀ ਫੀਸਦੀ ਮਾਤਰਾ ਅਤੇ ਭੁਗਤਾਨ ਯੋਗ ਮੁਆਵਜ਼ੇ ਦੀ ਰਾਸ਼ੀ ਬਾਰੇ ਦੱਸੇਗਾ। ਜੇਕਰ ਬਿਨੇਕਾਰ ਨਿਰਧਾਰਤ ਕੀਤੇ ਗਏ ਮੁਆਵਜ਼ੇ ਨਾਲ ਸਹਿਮਤ ਹੈ, ਤਾਂ ਬੋਰਡ ਉਸ ਅਨੁਸਾਰ ਭੁਗਤਾਨ ਜਾਰੀ ਕਰ

ਦੇਵੇਗਾ। ਇਕ ਵਾਰ ਮੁਆਵਜ਼ੇ ਦੇ ਤੌਰ 'ਤੇ ਕੀਤਾ ਗਿਆ ਭੁਗਤਾਨ ਹਾਸਲ ਕਰ ਲੈਣ ਤੋਂ ਬਾਅਦ ਬਿਨੇਕਾਰ ਮੁਆਵਜ਼ੇ ਦੀ ਰਕਮ 'ਤੇ ਕੋਈ ਇਤਰਾਜ਼ ਕਰਨ ਦਾ ਅਧਿਕਾਰ ਗੁਆ ਦੇਵੇਗਾ।

ਜੇ, ਕਿਸੇ ਵੀ ਪੜਾਅ 'ਤੇ, ਬੋਰਡ ਇਹ ਨਿਰਧਾਰਤ ਕਰਦਾ ਹੈ ਕਿ ਬਿਨੇਕਾਰ ਮੁਆਵਜ਼ੇ ਦਾ ਹੱਕਦਾਰ ਨਹੀਂ ਹੈ, ਤਾਂ ਬੋਰਡ ਉਸ ਨੂੰ ਇਨਕਾਰ ਕਰਨ ਦਾ ਨੋਟਿਸ ਜਾਰੀ ਕਰੇਗਾ। ਇਨਕਾਰ ਕਰਨ ਦੇ ਕਾਰਨ ਨੋਟਿਸ ਵਿਚ ਦੱਸੇ ਜਾਣਗੇ।

◎ **ਜੇ ਕੋਈ ਬਿਨੇਕਾਰ ਬੋਰਡ ਦੇ ਫੈਸਲੇ ਤੋਂ ਸੰਤੁਸ਼ਟ ਨਹੀਂ ਹੈ, ਤਾਂ ਉਸ ਨੂੰ ਕੀ ਕਰਨਾ ਚਾਹੀਦਾ ਹੈ?**

ਬਿਨੇਕਾਰ ਬੋਰਡ ਵੱਲੋਂ ਮੁਆਵਜ਼ੇ ਦੇ ਇਨਕਾਰ ਸਬੰਧੀ ਨੋਟਿਸ ਦੇ ਜਾਰੀ ਹੋਣ ਜਾਂ ਫਿਰ ਮੁਆਵਜ਼ੇ ਦੇ ਨਿਰਧਾਰਨ ਦੇ ਸੈਰਟੀਫਿਕੇਟ ਦੇ ਜਾਰੀ ਹੋਣ ਤੋਂ ਬਾਅਦ 14 ਦਿਨਾਂ ਦੇ ਅੰਦਰ-ਅੰਦਰ ਆਪਣੇ ਕਾਰਨ ਦੱਸਦੇ ਹੋਏ ਬੋਰਡ ਨੂੰ ਇੱਕ ਲਿਖਤੀ ਬੇਨਤੀ ਭੇਜ ਕੇ ਆਪਣੇ ਫੈਸਲੇ ਦੀ ਸਮੀਖਿਆ ਕਰਨ ਦੀ ਬੇਨਤੀ ਕਰ ਸਕਦਾ ਹੈ। ਬੇਨਤੀ ਹਾਸਲ ਹੋਣ ਤੋਂ ਬਾਅਦ ਬੋਰਡ ਬਿਨੇ-ਪੱਤਰ ਦੀ ਸਮੀਖਿਆ ਕਰੇਗਾ ਅਤੇ ਇਸ ਦੇ ਨਤੀਜੇ ਬਾਰੇ ਲਿਖਤੀ ਰੂਪ ਵਿਚ ਬਿਨੇਕਾਰ ਨੂੰ ਸੂਚਿਤ ਕਰੇਗਾ।

◎ **ਜੇਕਰ ਬਿਨੇਕਾਰ ਅਜੇ ਵੀ ਬੋਰਡ ਦੀ ਸਮੀਖਿਆ ਦੇ ਨਤੀਜੇ ਤੋਂ ਸੰਤੁਸ਼ਟ ਨਹੀਂ ਹੈ, ਤਾਂ ਉਹ ਕੀ ਕਰ ਸਕਦਾ ਹੈ?**

ਜੇਕਰ ਕੋਈ ਬਿਨੇਕਾਰ ਬੋਰਡ ਦੁਆਰਾ ਕੀਤੀ ਗਈ ਸਮੀਖਿਆ ਦੇ ਨਤੀਜੇ ਤੋਂ ਸੰਤੁਸ਼ਟ ਨਹੀਂ ਹੈ, ਤਾਂ ਉਹ ਇਸ ਦੇ ਵਿਰੁੱਧ ਜ਼ਿਲ੍ਹਾ ਅਦਾਲਤ ਵਿੱਚ ਅਪੀਲ ਕਰ ਸਕਦਾ ਹੈ। ਇਹ ਅਪੀਲ ਬੋਰਡ ਦੁਆਰਾ ਕੀਤੀ ਗਈ ਸਮੀਖਿਆ ਦੇ ਨਿਰਧਾਰਨ ਤੋਂ 6 ਮਹੀਨਿਆਂ ਦੇ ਅੰਦਰ-ਅੰਦਰ ਦਾਇਰ ਕੀਤੀ ਜਾਣੀ ਚਾਹੀਦੀ ਹੈ, ਜਦੋਂ ਤੱਕ ਕਿ ਜ਼ਿਲ੍ਹਾ ਅਦਾਲਤ ਅਜਿਹੀ ਅਪੀਲ ਲਈ ਸਮਾਂ ਸੀਮਾ ਵਧਾਉਣ 'ਤੇ ਸਹਿਮਤ ਨਹੀਂ ਹੁੰਦੀ।

◎ **ਜੇਕਰ ਕਿਸੇ ਬਿਨੇਕਾਰ ਦੀ ਅਰਜ਼ੀ ਬੋਰਡ ਵੱਲੋਂ ਅਸਵੀਕਾਰ ਕਰ ਦਿੱਤੀ ਜਾਂਦੀ ਹੈ, ਤਾਂ ਕੀ ਉਹ ਦੁਬਾਰਾ ਅਰਜ਼ੀ ਦਾਇਰ ਰ ਸਕਦਾ ਹੈ ਜਾਂ ਨਹੀਂ?**

ਜੇਕਰ ਕਿਸੇ ਬਿਨੇਕਾਰ ਦੀ ਅਰਜ਼ੀ ਨੂੰ ਸੁਣਨ ਸਬੰਧੀ ਹਾਨੀ ਦੀਆਂ ਲੋੜਾਂ ਨੂੰ ਪੂਰਾ ਕਰਨ ਵਿਚ ਅਸਫਲ ਰਹਿਣ ਕਾਰਨ 6 ਮਾਰਚ 1998 ਨੂੰ ਜਾਂ ਇਸ ਤੋਂ ਬਾਅਦ ਰੱਦ ਕੀਤਾ ਗਿਆ ਹੈ, ਤਾਂ ਉਹ ਦੁਬਾਰਾ ਅਰਜ਼ੀ ਦੇ ਸਕਦਾ ਹੈ ਜੇਕਰ ਉਹ ਆਪਣੀ ਪਿਛਲੀ ਅਰਜ਼ੀ ਦੀ ਤਾਰੀਕ ਤੋਂ ਬਾਅਦ ਹਾਂਗਕਾਂਗ ਵਿੱਚ ਘੱਟੋ-ਘੱਟ 2 ਸਾਲਾਂ ਕਿਸੇ ਨਿਰਧਾਰਤ ਸ਼ੋਰ-ਸ਼ਰਾਬੇ ਵਾਲੇ ਕਿੱਤੇ ਵਿਚ ਨੌਕਰੀ ਕਰ ਚੁੱਕਾ ਹੈ।

ਜੇਕਰ ਕਿਸੇ ਬਿਨੇਕਾਰ ਨੂੰ ਰੁਜ਼ਗਾਰ ਸਬੰਧੀ ਜ਼ਰੂਰਤਾਂ ਪੂਰੀਆਂ ਕਰਨ ਵਿੱਚ ਅਸਫਲ ਹੋਣ ਕਾਰਨ ਮੁਆਵਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ, ਤਾਂ ਉਹ ਜਦੋਂ ਵੀ ਇਹ ਸਮਝੇ ਕਿ ਉਹ ਰੁਜ਼ਗਾਰ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਦੇ ਸਮਰੱਥ ਹੈ, ਤਾਂ ਉਹ ਕਿਸੇ ਵੀ ਸਮੇਂ ਬੋਰਡ ਵਿੱਚ ਦੁਬਾਰਾ ਅਰਜ਼ੀ ਦੇ ਸਕਦਾ ਹੈ, ਬਸ਼ਰਤੇ ਇਹ ਬੇਨਤੀ ਉਸ ਬਿਨੇਕਾਰ ਵੱਲੋਂ ਨਿਰਧਾਰਤ ਸ਼ੋਰ-ਸ਼ਰਾਬੇ ਵਾਲੇ ਕਿੱਤੇ ਵਿਚ ਆਖਰੀ ਨੌਕਰੀ ਕਰਨ ਦੇ 12 ਮਹੀਨਿਆਂ ਦੇ ਅੰਦਰ-ਅੰਦਰ ਦਿੱਤੀ ਜਾਵੇ।

◎ **ੀ ਕੋਈ ਬਿਨੇਕਾਰ ਆਪਣੀ ਅਰਜ਼ੀ ਵਾਪਸ ਲੈ ਸਕਦਾ ਹੈ?**

ਇੱਕ ਬਿਨੇਕਾਰ ਬੋਰਡ ਵੱਲੋਂ ਪ੍ਰਬੰਧਿਤ ਕੀਤੇ ਜਾਣ ਵਾਲੇ ਸੁਣਨ ਦੀ ਹਾਨੀ ਸਬੰਧੀ ਟੈਸਟ ਕਰਵਾਉਣ ਤੋਂ ਪਹਿਲਾਂ ਕਿਸੇ ਵੀ ਸਮੇਂ ਆਪਣੀ ਅਰਜ਼ੀ ਵਾਪਸ ਲੈ ਸਕਦਾ ਹੈ। ਜੇਕਰ ਕੋਈ ਬਿਨੇਕਾਰ ਬੋਰਡ ਵੱਲੋਂ ਪ੍ਰਬੰਧਿਤ ਕੋਈ ਸੁਣਨ ਦੀ ਹਾਨੀ ਸਬੰਧੀ ਟੈਸਟ ਜਾਂ ਡਾਕਟਰੀ ਜਾਂਚ ਕਰਵਾ ਲੈਂਦਾ ਹੈ, ਤਾਂ ਇਸ ਤੋਂ ਬਾਅਦ ਬੋਰਡ ਨੂੰ ਉਸ ਬਿਨੇਕਾਰ ਵੱਲੋਂ ਅਰਜ਼ੀ ਵਾਪਸ ਲਈ ਜਾਣ ਸਬੰਧੀ ਬੇਨਤੀ ਕੀਤੇ ਜਾਣ ਤੋਂ ਬਾਅਦ ਵੀ ਉਸ ਦੀ ਅਰਜ਼ੀ 'ਤੇ ਆਪਣਾ ਨਿਰਧਾਰਨ ਕਰ ਸਕਦਾ ਹੈ।

## ◎ ਮੁਆਵਜ਼ੇ ਦੀ ਰਾਸ਼ੀ ਦੀ ਗਣਨਾ ਕਿਵੇਂ ਕੀਤੀ ਜਾਂਦੀ ਹੈ?

ਇਕ ਬਿਨੇਕਾਰ ਨੂੰ ਦਿੱਤਾ ਜਾਣ ਵਾਲਾ ਮੁਆਵਜ਼ਾ ਅਰਜ਼ੀ ਦੇਣ ਸਮੇਂ ਉਸ (ਪੁਰਸ਼ ਜਾਂ ਇਸਤਰੀ) ਦੀ ਉਮਰ, ਮਹੀਨਾਵਾਰ ਮਾਈਆਂ ਅਤੇ ਸਥਾਈ ਅਯੋਗਤਾ ਦੀ ਫੀਸਦੀ /ਸਥਾਈ ਅਯੋਗਤਾ ਦੀ ਵਾਧੂ ਫੀਸਦੀ ਦੇ ਅਧਾਰ ’ਤੇ ਹੇਠਾਂ ਲਿਖੇ ਅਨੁਸਾਰ ਹੁੰਦਾ ਹੈ:

| **ਉਮਰ** | **ਮੁਆਵਜ਼ੇ ਦੀ ਰਾਸ਼ੀ** | | |
|---|---|---|---|
| 40 ਤੋਂ ਘੱਟ | 96 ਮਹੀਨਿਆਂ ਦੀ ਕਮਾਈ | X | ਸਥਾਈ ਅਯੋਗਤਾ (ਪਹਿਲੀ ਵਾਰ ਲਈ ਮੁਆਵਜ਼ਾ) ਦੀ % |
| 40 ਤੋਂ ਲੈ ਕੇ 56 ਤੋਂ ਹੇਠਾਂ ਤੱਕ | 72 ਮਹੀਨਿਆਂ ਦੀ ਕਮਾਈ | | ਜਾਂ |
| 56 ਜਾਂ ਵੱਧ | 48 ਮਹੀਨਿਆਂ ਦੀ ਕਮਾਈ | | ਸਥਾਈ ਅਯੋਗਤਾ (ਹੋਰ ਮੁਆਵਜ਼ੇ ਲਈ) ਦਾ ਵਾਧੂ % |

## ◎ ਮਹੀਨਾਵਾਰੀ ਕਮਾਈਆਂ ਦੀ ਮਾਤਰਾ ਕਿਵੇਂ ਨਿਰਧਾਰਤ ਕੀਤੀ ਜਾਂਦੀ ਹੈ?

ਕਿੱਤਾਮੁਖੀ ਬੋਲ਼ੇਪਣ (ਮੁਆਵਜ਼ਾ) ਆਰਡੀਨੈਂਸ ਦੇ ਅਨੁਸਾਰ, ਮਹੀਨਾਵਾਰ ਕਮਾਈ ਦਾ ਅਰਥ ਹੈ ਅਰਜ਼ੀ ਦੀ ਮਿਤੀ ਤੋਂ ਪਹਿਲਾਂ ਹਾਂਗਕਾਂਗ ਵਿੱਚ ਨਿਰਧਾਰਤ ਸ਼ੋਰ-ਸ਼ਰਾਬੇ ਵਾਲੇ ਕਿੱਤਿਆਂ ਵਿੱਚ ਬਿਨੇਕਾਰ ਵੱਲੋਂ ਉਸ ਦੇ ਪਿਛਲੇ 12 ਮਹੀਨਿਆਂ ਦੀ ਨੌਕਰੀ ਵਿੱਚ ਪ੍ਰਾਪਤ ਕੀਤੀ ਔਸਤਨ ਮਹੀਨਾਵਾਰੀ ਕਮਾਈ। ਜੇਕਰ ਬਿਨੇਕਾਰ ਆਪਣੀ ਕਮਾਈ ਬਾਰੇ ਦਸਤਾਵੇਜ਼ੀ ਸਬੂਤ ਮੁਹੱਈਆ ਨਹੀਂ ਕਰਵਾ ਸਕਦਾ ਜਾਂ ਇਸ ਤਰ੍ਹਾਂ ਦੇ ਸਬੂਤ ਬੋਰਡ ਦੁਆਰਾ ਸਵੀਕਾਰ ਨਹੀਂ ਕੀਤੇ ਜਾਂਦੇ ਹਨ, ਤਾਂ ਮੁਆਵਜ਼ੇ ਦੀ ਗਣਨਾ ਮਰਦਮਸ਼ੁਮਾਰੀ ਅਤੇ ਅੰਕੜਿਆਂ ਦੁਆਰਾ ਪ੍ਰਕਾਸ਼ਤ ਹਾਂਗਕਾਂਗ ਦੀ ਕੁੱਲ ਰੁਜ਼ਗਾਰ ਵਾਲੀ ਆਬਾਦੀ ਦੀ ਦਰਮਿਆਨੀ ਰੁਜ਼ਗਾਰ ਕਮਾਈ ਦੇ ਅਨੁਸਾਰ ਕੀਤੀ ਜਾਏਗੀ। ਕਿਸੇ ਵੀ ਕੇਸ ਵਿਚ ਮੁਆਵਜ਼ੇ ਦੀ ਰਾਸ਼ੀ ਦੀ ਗਣਨਾ ਦੇ ਉਦੇਸ਼ ਲਈ ਅਧਿਕਤਮ ਰਾਸ਼ੀ 38,670 ਡਾਲਰ ਤੋਂ ਵੱਧ ਨਹੀਂ ਹੋਵੇਗੀ।

ਬੋਰਡ ਉੱਪਰ ਦੱਸੇ ਅਨੁਸਾਰ ਮਹੀਨਾਵਾਰ ਕਮਾਈ ਨਿਰਧਾਰਤ ਕਰੇਗਾ, ਅਤੇ ਘੱਟੋ ਘੱਟ ਤਨਖਾਹ ਆਰਡੀਨੈਂਸ ਅਧੀਨ ਸਬੰਧਤ ਪ੍ਰਬੰਧਾਂ ਨੂੰ ਵੀ ਧਿਆਨ ਵਿੱਚ ਰੱਖੇਗਾ।

## ◎ ਕਿਹੜੇ ਦਸਤਾਵੇਜ਼ ਕਮਾਈ ਦੇ ਸਬੂਤ ਵਜੋਂ ਮੰਨੇ ਜਾਣਗੇ?

ਹੇਠਾਂ ਕਮਾਈ ਦੇ ਦਸਤਾਵੇਜ਼ੀ ਸਬੂਤ ਦੀਆਂ ਕੁਝ ਉਦਾਹਰਣਾਂ ਹਨ:

1. ਨਿਰਧਾਰਤ ਸ਼ੋਰ-ਸ਼ਰਾਬੇ ਵਾਲੇ ਕਿੱਤਿਆਂ ਵਿਚ ਪਿਛਲੇ 12 ਮਹੀਨਿਆਂ ਦੀ ਨੌਕਰੀ ਲਈ ਬਿਨੇਕਾਰ ਵੱਲੋਂ ਹਾਸਲ ਕੀਤੀ ਗਈ ਕਮਾਈ ਨੂੰ ਪ੍ਰਮਾਣਿਤ ਕਰਨ ਵਾਲਾ ਨੌਕਰੀਦਾਤਾ ਵੱਲੋਂ ਜਾਰੀ ਕੀਤਾ ਗਿਆ ਪੱਤਰ।
2. ਨੌਕਰੀਦਾਤਾ ਦੁਆਰਾ ਫਾਈਲ ਕੀਤੀ ਗਈ ਆਮਦਨ ਕਰ ਰਿਟਰਨ
3. ਤਨਖਾਹ ਰਿਕਾਰਡ ਕਿਤਾਬਾਂ
4. ਲਾਜ਼ਮੀ ਪ੍ਰੋਵੀਡੈਂਟ ਫੰਡ ਵਿਚ ਯੋਗਦਾਨ ਦੇ ਦਸਤਾਵੇਜ਼; ਅਤੇ
5. ਰੁਜ਼ਗਾਰ ਦਾ ਕਰਾਰ, ਆਦਿ।

### ◎ ਸਥਾਈ ਅਯੋਗਤਾ ਦੀ ਪ੍ਰਤੀਸ਼ਤਤਾ ਕਿਵੇਂ ਨਿਰਧਾਰਤ ਕੀਤੀ ਜਾਂਦੀ ਹੈ?

ਬਿਨੇਕਾਰ ਵੱਲੋਂ ਸਥਾਈ ਅਯੋਗਤਾ ਦੀ ਪ੍ਰਤੀਸ਼ਤਤਾ ਹੇਠਾਂ ਦਿੱਤੀ ਗਈ ਸਾਰਣੀ ਦੇ ਹਵਾਲੇ ਨਾਲ ਨਿਰਧਾਰਤ ਕੀਤੀ ਜਾਂਦੀ ਹੈ:

| 1,2,3 ਕੇਐਚਜ਼ੈਡ ਬਾਰੰਬਾਰਤਾਵਾਂ 'ਤੇ ਔਸਤਨ ਸੁਣਨ ਦੀ ਹਾਨੀ (ਡੀਬੀ) ਜਿਵੇਂਕਿ ਬੋਰਡ ਵੱਲੋਂ ਨਿਰਧਾਰਤ ਕੀਤਾ ਗਿਆ ਹੈ / ਸਥਾਈ ਅਯੋਗਤਾ ਦੀ ਫੀਸਦੀ / 1,2,3 ਕੇਐਚਜ਼ੈਡ ਬਾਰੰਬਾਰਤਾਵਾਂ 'ਤੇ ਔਸਤਨ ਸੁਣਨ ਦੀ ਹਾਨੀ (ਡੀਬੀ) ਜਿਵੇਂਕਿ ਬੋਰਡ ਵੱਲੋਂ ਨਿਰਧਾਰਤ ਕੀਤਾ ਗਿਆ ਹੈ | | ਬੇਹਤਰ ਕੰਨ ਲਈ | | | | | | | | | | | |
|---|---|---|---|---|---|---|---|---|---|---|---|---|---|
| | | 40 ਡੀਬੀ ਤੋਂ ਹੇਠਾਂ | 40 ਤੋਂ 45 ਡੀਬੀ ਹੇਠਾਂ | 45 ਤੋਂ 50 ਡੀਬੀ ਹੇਠਾਂ | 50 ਤੋਂ 55 ਡੀਬੀ ਹੇਠਾਂ | 55 ਤੋਂ 60 ਡੀਬੀ ਹੇਠਾਂ | 60 ਤੋਂ 65 ਡੀਬੀ ਹੇਠਾਂ | 65 ਤੋਂ 70 ਡੀਬੀ ਹੇਠਾਂ | 70 ਤੋਂ 75 ਡੀਬੀ ਹੇਠਾਂ | 75 ਤੋਂ 80 ਡੀਬੀ ਹੇਠਾਂ | 80 ਤੋਂ 85 ਡੀਬੀ ਹੇਠਾਂ | 85 ਤੋਂ 90 ਡੀਬੀ ਹੇਠਾਂ | 90 ਡੀਬੀ ਜਾਂ ਵੱਧ |
| ਘਟੀਆ ਕੰਨ ਲਈ | | % | % | % | % | % | % | % | % | % | % | % | % |
| | 40 ਤੋਂ 45 ਡੀਬੀ ਹੇਠਾਂ | 0.5 | 1 | | | | | | | | | | |
| | 45 ਤੋਂ 50 ਡੀਬੀ ਹੇਠਾਂ | 1 | 2 | 5 | | | | | | | | | |
| | 50 ਤੋਂ 55 ਡੀਬੀ ਹੇਠਾਂ | 1.5 | 3 | 6 | 10 | | | | | | | | |
| | 55 ਤੋਂ 60 ਡੀਬੀ ਹੇਠਾਂ | 2 | 4 | 7 | 11 | 15 | | | | | | | |
| | 60 ਤੋਂ 65 ਡੀਬੀ ਹੇਠਾਂ | 2.5 | 5 | 8 | 12 | 16 | 20 | | | | | | |
| | 65 ਤੋਂ 70 ਡੀਬੀ ਹੇਠਾਂ | 3 | 6 | 9 | 13 | 17 | 21 | 25 | | | | | |
| | 70 ਤੋਂ 75 ਡੀਬੀ ਹੇਠਾਂ | 3.5 | 7 | 10 | 14 | 18 | 22 | 26 | 30 | | | | |
| | 75 ਤੋਂ 80 ਡੀਬੀ ਹੇਠਾਂ | 4 | 8 | 11 | 15 | 19 | 23 | 27 | 31 | 35 | | | |
| | 80 ਤੋਂ 85 ਡੀਬੀ ਹੇਠਾਂ | 4.5 | 9 | 13 | 17 | 21 | 25 | 29 | 33 | 37 | 43 | | |
| | 85 ਤੋਂ 90 ਡੀਬੀ ਹੇਠਾਂ | 5.5 | 11 | 14 | 18 | 22 | 26 | 30 | 34 | 38 | 45 | 51 | |
| | 90 ਡੀਬੀ ਜਾਂ ਵੱਧ | 6.5 | 13 | 16 | 20 | 24 | 28 | 32 | 36 | 40 | 46 | 53 | 60 |

# ਪੁੱਛਗਿੱਛ

ਜੇ ਤੁਹਾਨੂੰ ਹੋਰ ਜਾਣਕਾਰੀ ਦੀ ਜ਼ਰੂਰਤ ਹੈ ਤਾਂ ਕਿਰਪਾ ਕਰਕੇ ਕਿੱਤਾਮੁਖੀ ਬੋਲ਼ੇਪਣ ਮੁਆਵਜ਼ਾ ਬੋਰਡ ਨਾਲ ਸੰਪਰਕ ਕਰੋ।

**ਪਤਾ:** **ਦਫਤਰ ਏ-ਬੀ, 15 / ਐਫ, ਬਿਲੀਅਨ ਪਲਾਜ਼ਾ II**
**10 ਚੇਯੁੰਗ ਯੂ ਸਟ੍ਰੀਟ, ਚੇਅੰਗ ਸ਼ਾ ਵਾਨ**
**ਕੌਲੂਨ**

**ਫੋਨ:** **2723 1288/2723 1928**

**ਫੈਕਸ:** **2581 4698**

**ਈ-ਮੇਲ:** **contact@odcb.org.hk**

**ਵੈੱਬਸਾਈਟ:** **http://www.odcb.org.hk**

(04/25)